# ਭਾਅ ਜੀ ਗੁਰਸ਼ਰਨ ਸਿੰਘ

ਮਲੂਕ ਸਿੰਘ ਕਾਹਲੋਂ

ਰੁਲੇ ਰੇਤ ਅੰਦਰ ਕਣੀ ਇਕ ਵੀ ਹੀਰੇ ਦੀ ਸਦਾ ਚਮਕਦੀ ਰਹੂ
ਲੱਖ ਆਉਣ 'ਨੇਰੀਆਂ ਤੇ ਝੱਖੜ 'ਵਾਜ ਭਾਅ ਜੀ ਦੀ ਦਮਕਦੀ ਰਹੂ

ਭਾਅ ਜੀ, ਭਾਈ ਮੰਨਾ ਜਾਂ ਫਿਰ ਬਾਬਾ ਬੋਹੜ ਤੈਨੂੰ ਕਹਿਣਗੇ
ਦੱਬੀ-ਕੁਚਲੀ ਅਵਾਜ਼ ਦਾ ਮਸੀਹਾ ਬਹੁਤੇ ਕਹਿਣਗੇ।

ਰੰਗਮੰਚ 'ਤੇ ਗਰਜਿਆ ਸਦਾ ਹੀ ਬਣ ਸ਼ੇਰ ਤੂੰ
ਗੂੰਜਦੇ ਬੋਲਾਂ ਦਾ ਬਾਬਾ ਬੋਹੜ ਅੱਜ ਕਹਿਣਗੇ।

ਸੱਭੇ ਸਾਂਝੀਵਾਲ ਦਾ ਤੂੰ ਝੰਡਾ ਬਰਦਾਰ ਬਣਿਆ
ਵਿਹੜੇ ਕਿਰਤੀਆਂ ਦੀ ਜਗਦੀ ਲਾਟ ਤੈਨੂੰ ਕਹਿਣਗੇ।

ਸੂਹੇ ਬੋਲਾਂ ਦਾ ਸੂਰਜ ਕਦੇ ਨਾ ਅਸਤ ਹੋਇਆ
ਭਰਮ-ਭੁਲੇਖਿਆਂ ਲਈ ਹਾਕਮ ਵੀ ਕੁਝ ਕਹਿਣਗੇ।

ਕਰੋੜਾਂ ਹੋ ਗੁਜ਼ਰੇ, ਲੱਖਾਂ ਹੀ ਨਿੱਤ ਹੋਣ ਪੈਦਾ
ਜ਼ਿੰਦਾਦਿਲ ਜ਼ਿੰਦਗੀ ਦਾ ਜਰਨੈਲ ਤੈਨੂੰ ਕਹਿਣਗੇ।

ਰੌਸ਼ਨ ਹੋਇਆ ਤੇਰਾ ਧਰਤ ਅਕਾਸ਼ ਵਾਂਗਰ
ਕੱਲ੍ਹ ਨੂੰ ਪਰਸਾ, ਪਰਸਰਾਮ, ਅਵਤਾਰ ਤੈਨੂੰ ਕਹਿਣਗੇ।

ਹੋਕਾ ਹੱਕ-ਸੱਚ ਦਾ ਉਮਰ ਭਰ ਦੇਣ ਵਾਲੇ
ਵਾਰਸ, ਭਗਤ, ਸਰਾਭੇ ਬਾਂਹ ਉਲਾਰ ਤੈਨੂੰ ਕਹਿਣਗੇ।

(ਬਰੈਂਪਟਨ)
001-905-497-1216